ਵੱਲ

ਸਮੂਹ ਅਧਿਐਨ ਕੇਂਦਰ ਮੁੱਖੀ,
ਪੰਜਾਬ ਓਪਨ ਸਕੂਲ।
ਪੰਜਾਬ ਸਕੂਲ ਸਿੱਖਿਆ ਬੋਰਡ, ਮੋਹਾਲੀ।

ਨੰ ਪ.ਸ.ਸ.ਬ-ਏ-ਓ-ਐਸ 1ਤੋਂ 5 2018/....3440.................ਮਿਤੀ.....19-12-18.........

ਵਿਸ਼ਾ: ਓਪਨ ਸਕੂਲ ਪ੍ਰਣਾਲੀ ਅਧੀਨ ਸੈਸ਼ਨ 2018-2019 ਦੇ ਦਸਵੀਂ ਅਤੇ ਬਾਰ੍ਹਵੀ ਸ਼੍ਰੇਣੀ ਦੇ ਵਿਦਿਆਰਥੀਆਂ ਦੇ ਵਿਅਕਤੀਗਤ ਸੰਪਰਕ ਪ੍ਰੋਗਰਾਮ (ਪੀ.ਸੀ.ਪੀ) ਦਾ ਸ਼ਡਿਊਲ ਤੁਰੰਤ ਭੇਜਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਬੋਰਡ ਵਲੋਂ ਜਾਰੀ ਅਗਵਾਈ ਲੀਹਾਂ ਅਨੁਸਾਰ ਆਪ ਜੀ ਦੇ ਅਧਿਐਨ ਕੇਂਦਰ ਵੱਲ ਪ੍ਰੋਗਰਾਮ ਦਾ ਪਹਿਲਾ ਸ਼ਡਿਊਲ ਸਤੰਬਰ ਤੋਂ ਨਵੰਬਰ ਮਹੀਨੇ ਦੌਰਾਨ 12 ਦਿਨ ਅਤੇ ਦੂਸਰਾ ਸ਼ਡਿਊਲ ਦਸੰਬਰ ਤੋਂ ਜਨਵਰੀ ਮਹੀਨੇ ਦੌਰਾਨ 18 ਦਿਨਾਂ ਲਈ (ਦਸੰਬਰ ਦੀਆਂ ਛੁੱਟੀਆਂ ਨੂੰ ਸ਼ਾਮਿਲ ਕਰਕੇ) ਲਗਾਏ ਜਾਣੇ ਹੁੰਦੇ ਹਨ। ਇਸ ਦਾ ਸ਼ਡਿਊਲ (ਪੀ.ਸੀ.ਪੀ) ਲਗਾਉਣ ਤੋਂ 15 ਦਿਨ ਪਹਿਲਾਂ ਦਫਤਰ ਨੂੰ ਆਪ ਵੱਲੋਂ ਭੇਜਿਆ ਜਾਣਾ ਸੀ ਜੋ ਹੁਣ ਤੱਕ ਆਪ ਵਲੋਂ ਨਹੀਂ ਭੇਜਿਆ ਗਿਆ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਪੀ.ਸੀ.ਪੀ ਦਾ ਸ਼ਡਿਊਲ ਮਿਤੀਆਂ ਅਤੇ ਸਮੇਂ ਸਮੇਤ ਅਤੇ ਨਾਲ ਹੀ ਵਿਦਿਆਰਥੀਆਂ ਦੀ ਗਿਣਤੀ ਮਿਤੀ 21-12-2018 ਤੱਕ ਹਰ ਹਾਲਤ ਵਿੱਚ ਓਪਨ ਸਕੂਲ ਦੀ E-mail ID ddopenschool@yahoo.com ਤੇ ਭੇਜਿਆ ਜਾਵੇ। ਲੇਟ ਫੀਸ ਨਾਲ 17 ਜਨਵਰੀ ਤੱਕ ਦਾਖਲ ਹੋਣ ਵਾਲੇ ਵਿਦਿਆਰਥੀਆਂ ਦੀ (ਪੀ.ਸੀ.ਪੀ) ਦਾ ਸ਼ਡਿਊਲ ਵੱਖਰੇ ਤੌਰ ਤੇ ਬਾਅਦ ਵਿੱਚ ਭੇਜਿਆ ਜਾਵੇ। ਮਿੱਥੇ ਸ਼ਡਿਊਲ ਅਨੁਸਾਰ (ਪੀ.ਸੀ.ਪੀ) ਲਗਾਏ ਜਾਣੇ ਯਕੀਨੀ ਬਣਾਏ ਜਾਣ।

**ਬੋਰਡ ਅਧਿਕਾਰੀਆਂ ਵੱਲੋਂ ਪੀ.ਸੀ.ਪੀ ਦੌਰਾਨ ਕਿਸੇ ਵੀ ਸਮੇਂ ਚੈਕਿੰਗ ਕੀਤੀ ਜਾਏਗੀ ਅਤੇ ਉਣਤਾਈ ਪਾਏ ਜਾਣ ਤੇ ਆਪ ਦੀ ਸੰਸਥਾ ਦੀ ਨਿਯਮਾਂ ਅਨੁਸਾਰ ਐਕਰੀਡਿਟੇਸ਼ਨ ਰੱਦ ਕੀਤੀ ਜਾ ਸਕਦੀ ਹੈ।**

ਉਪ ਡਾਇਰੈਕਟਰ (ਓਪਨ ਸਕੂਲ),
ਪੰਜਾਬ ਸਕੂਲ ਸਿੱਖਿਆ ਬੋਰਡ।